**©*Rajasthali Journal*** E-ISSN 2583-1720

Received: Apr '22
Revised: Apr '22
Accepted: May '22

© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਨਾਟਕ 'ਕੁੰਡਲੀ' ਵਿਸ਼ਾਗਤ ਅਧਿਐਨ

# THE PLAY 'KUNDLI' ATTEMPT STUDY

**Dr. Hardev Singh**
Assistant Professor, Department of Punjabi, Chaudhary Devi Lal University, Sirsa, Haryana
E-mail: hardevsingh.hs24@gmail.com

**ABSTRACT**

*The effects of globalization have created many new kinds of problems in our society. The love in the relationship ended and money became predominant. The human being remained confined to himself which led to psychological problems. The craving for personal freedom has led to rifts in marriage and problems such as extramarital affairs have become commonplace in our society. Varyam Mast chooses the subject as the basis of his play on these problems arising in the era of globalization and realizes the disgusting truth of the society in front of the readers / audience.*

*ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਨਵੀਂ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋ ਗਈਆਂ। ਰਿਸ਼ਤਿਆਂ ਵਿਚਲਾ ਮੋਹ-ਪਿਆਰ ਖ਼ਤਮ ਹੋ ਗਿਆ ਤੇ ਪੈਸੇ ਦੀ ਪ੍ਰਧਾਨਤਾ ਹੋ ਗਈ। ਮਨੁੱਖ ਨਿੱਜ ਤੱਕ ਸਿਮਟ ਕੇ ਹੀ ਰਹਿ ਗਿਆ ਜਿਸ ਕਰਕੇ ਮਨੋਵਿਗਿਆਨਿਕ ਸਮੱਸਿਆਵਾਂ ਪੈਦਾ ਹੋਈਆਂ। ਨਿੱਜੀ ਆਜ਼ਾਦੀ ਦੀ ਲਾਲਸਾ ਅਧੀਨ ਵਿਆਹ ਸੰਬੰਧਾਂ ਵਿਚ ਤਰੇੜਾਂ ਆਉਂਦੀਆਂ ਤੇ ਵਿਆਹ ਬਾਹਰੇ ਸੰਬੰਧਾਂ ਜਿਹੀਆਂ ਸਮੱਸਿਆਵਾਂ ਸਾਡੇ ਸਮਾਜ ਵਿਚ ਭਾਰੂ ਹੋ ਗਈਆਂ। ਵਿਸ਼ਵੀਕਰਨ ਦੇ ਦੌਰ ਵਿਚ ਪੈਦਾ ਹੋਈਆਂ ਇਹਨਾਂ ਸਮੱਸਿਆਵਾਂ ਨੂੰ ਵਰਿਆਮ ਮਸਤ ਆਪਣੇ ਨਾਟਕ ਦਾ ਆਧਾਰ ਬਣਾ ਕੇ ਵਿਸ਼ੇ ਦੀ ਚੋਣ ਕਰਦਾ ਹੈ ਤੇ ਸਮਾਜ ਦੇ ਘਿਣਾਉਣੇ ਸੱਚ ਨੂੰ ਪਾਠਕਾਂ/ਦਰਸ਼ਕਾਂ ਸਾਹਮਣੇ ਸਾਕਾਰ ਕਰਦਾ ਹੈ।*

**Keywords:** Globalization, psychological, conservations, traditions

**ਕੀਵਰਡ:** ਵਿਸ਼ਵੀਕਰਨ, ਮਨੋਵਿਗਿਆਨਿਕ, ਰੂੜੀਵਾਦ, ਪਰੰਪਰਾਵਾਂ

## ਖੋਜ ਪੇਪਰ

ਪਰੰਪਰਾਗਤ ਦੌਰ ਵਿਚ ਔਰਤ ਦਾ ਵਿਆਹ ਉਸ ਦੀ ਮਰਜ਼ੀ ਜਾਣੇ ਬਿਨਾਂ ਵਾਰੀ-ਵਾਰੀ ਕਈ ਮਰਦਾਂ ਨਾਲ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਔਰਤ ਨੂੰ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਪਰਚੇ ਦਾ ਅਧਾਰ ਵਰਿਆਮ ਮਸਤ ਦਾ ਨਾਟਕ ਕੁੰਡਲੀ ਬਣਿਆ ਹੈ। ਨਾਟਕ 'ਕੁੰਡਲੀ' ਨਿਮਨ ਵਰਗ ਦੇ ਲੋਕਾਂ ਦੀ ਮਾੜੀ ਆਰਥਿਕਤਾ ਤੱਕ ਸਿਮਤ ਨਾ ਰਹਿ ਕੇ ਇਨ੍ਹਾਂ ਦੀਆਂ ਭਾਵੁਕ ਜ਼ਰੂਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਪ੍ਰਿਥਵੀ ਰਾਜ ਥਾਪਰ ਇਸ ਨਾਟਕ ਬਾਰੇ ਲਿਖਦਾ ਹੈ ਕਿ:

*'ਕੀ ਇਹ ਕਿਸਮਤ ਦੀ ਕੁੰਡਲੀ ਹੈ? ਕੀ ਇਹ ਸੱਪ ਦੀ ਵਲ਼ਦਾਰ ਕੁੰਡਲੀ ਹੈ? ਜਾਂ ਫਿਰ ਯੋਗ ਗੁਰੂ ਪਤੰਜਲੀ ਦੀ ਦਰਸਾਈ ਹੋਈ ਸਰੀਰ ਵਿਚਲੀ ਕੁੰਡਲੀ ਹੈ। ਜਿਸ ਨੂੰ ਜਾਗ੍ਰਿਤ ਕਰਨ ਲਈ ਮਨੁੱਖ ਨੂੰ ਲੰਬੇ ਸਮੇਂ ਦੀ ਯੋਗ ਪ੍ਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ। ਨਾਟਕਕਾਰ ਵਰਿਆਮ ਮਸਤ ਕੁੰਡਲੀ ਦੇ ਮੈਟਾਫਰ ਨੂੰ ਕਿਸੇ ਵੀ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੋਵੇ, ਪਰ ਇਹ ਕੁੰਡਲੀ*

ਵਰਿਆਮ ਮਸਤ ਦਾ ਨਾਟਕ ਕੁੰਡਲੀ ਇਸਤਰੀਆਂ ਦੀ ਮਾੜੀ ਦਸ਼ਾ ਉੱਪਰ ਆਧਾਰਿਤ ਉਨ੍ਹਾਂ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਨਾਟਕ ਵਿਚ ਕੁੰਡਲੀ ਦਾ ਚੱਕਰਵਿਊ ਇਨ੍ਹਾਂ ਵਿਸ਼ਾਲ ਹੈ ਕਿ ਇਨਸਾਨ ਇਸ ਵਿਚੋਂ ਨਿਕਲਣ ਦੀ ਬਜਾਏ ਹੋਰ ਮੁਸ਼ਕਿਲਾਂ ਵਿਚ ਫਸ ਜਾਂਦਾ ਹੈ। ਨਾਟਕ ਵਿਚ ਮਸਤ ਨੇ ਪਿੰਕੀ ਦੇ ਪਾਤਰ ਰਾਹੀਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਇੱਕ ਔਰਤ ਰਿਸ਼ਤਿਆਂ ਦੀ, ਮੋਹ ਦੀ ਅਤੇ ਲੇਖਾਂ ਦੀ ਇੱਕ ਕੁੰਡਲੀ ਰੂਪੀ ਸਥਿਤੀ ਵਿਚ ਉਲਝੀ ਰਹਿੰਦੀ ਹੈ।ਮਸਤ ਦਾ ਸਾਰਾ ਨਾਟਕ ਕੁੰਡਲੀ ਸ਼੍ਰੇਣੀ ਸਮਾਜ ਦੇ ਜਾਗੀਰਦਾਰੀ ਢਾਂਚੇ ਵਿਚ ਔਰਤ ਦੀ ਲੁੱਟ ਨੂੰ ਬਿਆਨ ਕਰਦਾ ਹੈ। ਪਿੰਕੀ ਨੂੰ ਇਸ ਨਾਟਕ ਵਿਚ ਮਜਬੂਰੀ ਵੱਸ ਕਈ ਪਤੀਆਂ ਦੀ ਪਤਨੀ ਬਣਨਾ ਪੈਂਦਾ ਹੈ। ਪਹਿਲਾ ਪਤੀ ਜੋ ਹਮਲਿਆਂ ਕਾਰਨ ਦੇਸ਼ ਵੰਡ ਦੇ ਸਮੇਂ ਮਾਰਿਆ ਗਿਆ। ਉਸ ਦੀ ਮੌਤ ਤੋਂ ਬਾਅਦ ਪਿੰਕੀ ਦਾ ਵਿਆਹ ਉਸ ਦੇ ਦਿਉਰ ਅਮਰੀ ਨਾਲ ਕਰ ਦਿੱਤਾ ਜਾਂਦਾ ਹੈ। ਪਰ ਇੱਕ ਇੱਕ ਕਰਕੇ ਸਾਰੇ ਜਾਂਦੇ ਹਨ।ਪਿੰਕੀ ਲਈ ਇਹ ਵਿਆਹ ਨਹੀਂ ਇੱਕ ਸਮਝੌਤਾ ਹੈ ਜੋ ਪਿੰਕੀ ਨੂੰ ਆਪਣੇ ਬੱਚਿਆਂ ਲਈ ਕਰਨਾ ਪੈਂਦਾ ਹੈ। ਪਿੰਕੀ ਵਿਆਹ ਤੋਂ ਬਾਅਦ ਅਮਰੀ ਨੂੰ ਆਪਣਾ ਦਿਉਰ ਹੀ ਮੰਨਦੀ ਹੈ, ਪਰ ਅਮਰੀ ਉਸ ਨੂੰ ਆਪਣੀ ਪਤਨੀ ਹੀ ਸਮਝਦਾ ਹੈ ਅਤੇ ਉਸ ਨਾਲ [illegible] ਸਬੰਧ ਬਣਾਉਣ ਦੀ ਕੋਸਿਸ ਕਰਦਾ ਹੈ।

*ਅਮਰੀ: ਅੱਜ ਇੱਥੇ ਸੋਵਾਂਗਾ ਇਸੇ ਮੰਜੀ ਤੇ।*

*ਪਿੰਕੀ : ਇੱਥੇ ਤੇਰਾ ਵੀਰ ਸੌਂਦਾ ਸੀ।*

*ਅਮਰੀ: ਹਿੱਕ ਦੇਸਾਂ।ਹੁਣ ਮੈਂ ਇੱਥੇ ਸੋਵਾਂਗਾ।*

*ਪਿੰਕੀ : ਤੂੰ ਮੇਰਾ ਦੇਵਰ ਏ ਵੀਰ।*

*ਅਮਰੀ: ਬਕਵਾਸ ਨਾ ਕਰ।ਹਿੱਕ ਦੇਸਾਂ।*

*ਪਿੰਕੀ: ਅੱਛਾ ਤੈਨੂੰ ਹੁਣੇ ਠੀਕ ਕਰਦੀ ਆਂ।*

(ਸੋਟੀ ਚੁੱਕਦੀ ਹੈ) ਉਸਨੂੰ ਮਾਰਨਾ ਸ਼ੁਰੂ ਕਰਦੀ ਏ ਉਹ ਅੱਗੇ ਦੌੜਦਾ ਹੈ ਅਤੇ ਸੋਟੀ ਖੋਹ ਕੇ ਜੱਫੀ ਪਾ ਲੈਂਦਾ ਹੈ।[2]

ਵਰਿਆਮ ਮਸਤ ਨਾਟਕ ਵਿਚ ਨਸ਼ਿਆਂ ਕਾਰਨ ਪੈਦਾ ਹੋ ਰਹੇ ਆਲਸ ਅਤੇ ਹੱਡ ਹਰਾਮੀ ਦੇ ਰੁਝਾਨ ਨੂੰ ਨਾਟਕ ਵਿਚ ਪੇਸ਼ ਕੀਤਾ ਹੈ। ਨਾਟਕ ਵਿਚ ਅਮਰੀ ਅਤੇ ਟੀਟੂ ਅਮਲ ਦਾ ਜ਼ਿਕਰ ਕਰਦੇ ਹਨ।ਦੋਵੇਂ ਹੀ ਆਪਣੀ ਕਮਾਈ ਨੂੰ ਨਸ਼ੇ ਵਿਚ ਬਰਬਾਦ ਕਰਕੇ ਔਰਤ ਦੀ ਕਮਾਈ ਤੇ ਨਿਰਭਰ ਹੁੰਦੇ ਹਨ।ਵਿਆਹ ਤੋਂ ਬਾਅਦ ਅਮਰੀ ਪਿੰਕੀ ਦੀ ਕਮਾਈ ਵਿਚੋਂ ਹੀ ਨਸ਼ਾ ਪ੍ਰਾਪਤ ਕਰਦਾ ਹੈ। ਪਿੰਕੀ ਦੀ ਸਥਿਤੀ ਉਸ ਸਮੇਂ ਹੋਰ ਵੀ ਤਣਾਅਪੂਰਨ ਹੋ ਜਾਂਦੀ ਹੈ ਜਦੋਂ ਜਾਗਰ ਕੋਲ ਪਿੰਕੀ ਸਿਲਾਈ ਦਾ ਕੰਮ ਸਿੱਖਣ ਜਾਂਦੀ ਹੈ ਪਰ ਅਮਰੀ ਪਿੰਕੀ ਦੇ ਜਾਗਰ ਨਾਲ ਨਜਾਇਜ਼ ਸੰਬੰਧ ਬਾਰੇ ਆਖਦਾ ਹੈ। ਪਰ ਅਮਰੀ ਦਾ ਅਮਲ ਖਾ ਕੇ ਸਾਰਾ ਦਿਨ ਮੰਜੇ ਤੇ ਪਏ ਰਹਿਣਾ ਅਮਰੀ ਦੀ ਕਹਿਣੀ ਅਤੇ ਕਥਨੀ ਤੇ ਸਵਾਲ ਖੜੇ ਕਰਦਾ ਹੈ। ਜਾਗਰ ਨਾਲ ਨਜਾਇਜ਼ ਸੰਬੰਧ ਦਾ ਦੋਸ਼ ਲਾਉਣ ਵਾਲੇ ਅਮਰੀ ਦਾ ਪਿੰਕੀ ਸਖ਼ਤੀ ਨਾਲ ਨੋਟਿਸ ਲੈਂਦੀ ਹੋਈ ਪਲਟਵਾਰ ਕਰਦੀ ਹੋਈ ਕਹਿੰਦੀ ਹੈ:

*ਪਿੰਕੀ : ਆਹੋ ਕਰਨੀ ਆਂ।ਮੇਰੀ ਡਰਦੀ ਏ ਜੁੱਤੀ। ਤੇਰੇ ਵਰਗੇ ਹੀਜੜੇ ਨਾਲੋਂ ਪਰਾਇਆ ਮਰਦ ਚੰਗਾ। ਔਖੇ ਸੌਖੇ ਵੇਲੇ ਕੰਮ ਤਾਂ ਆਂਦਾ ਏ। ਤੇਰੇ ਪੱਲੇ ਕੀ ਏ, ਬਿੱਜੂਆ। ਰਾਤੀ ਮੇਰੇ ਵੱਲ ਪਿੱਠ ਕਰਕੇ ਘੁਰਾੜੇ ਮਾਰਨਾ ਏ। ਤੇਰੇ ਲੁੱਚੇ ਖ਼ਾਨਦਾਨ ਨੇ ਮੈਨੂੰ ਲੁੱਚੀ ਬਣਾਇਆ।ਮੇਰਾ ਮੂੰਹ ਖੁਲ੍ਹਵਾਇਆ। ਹੁਣ ਮੈਂ ਲੁੱਚੀ ਚੰਗੀ ਆਂ। ਹੁਣ ਮੇਰੇ ਪੱਲੇ ਪੈ ਗਿਆ.......।[3]*

ਪਿੰਕੀ ਦਾ ਇਹ ਵਾਰਤਾਲਾਪ ਉਸ ਦੀਆਂ ਪ੍ਰਸਥਿਤੀਆਂ ਨੂੰ ਰੂਪਮਾਨ ਕਰਦਾ ਹੈ। ਪਿੰਕੀ ਮਰਦ ਪ੍ਰਧਾਨ ਸਮਾਜ ਵਿਚ ਪਿਸਦੀ ਨਾਰੀ ਦੀ ਹਮਾਇਤੀ ਬਣ ਪੇਸ਼ ਹੁੰਦੀ ਹੈ।ਔਰਤ ਨੂੰ ਆਪਣੇ ਸਾਫ਼ ਸੁਥਰੇ ਵਿਅਕਤੀਤਵ ਨੂੰ ਬਿਆਨ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਸ਼੍ਰੇਣੀ ਸਮਾਜ ਵਿਚ ਔਰਤ ਇੱਕ ਵਸਤੂ ਵਾਂਗ ਹੈ ਅਤੇ ਔਰਤ ਨੂੰ ਮਰਦ ਦੀ ਜਾਇਦਾਦ ਸਮਝਿਆ ਜਾਂਦਾ ਹੈ।ਪਰ ਨਾਟਕ ਵਿਚ ਮਸਤ ਨੇ ਪਿੰਕੀ ਪਾਤਰ ਨੂੰ ਮਰਦ ਦੇ ਜ਼ੁਲਮਾਂ ਵਿਰੁੱਧ ਲੜਦੇ ਦਿਖਾਇਆ ਗਿਆ ਹੈ।ਨਾਟਕ ਵਿਚਲਾ ਪਿੰਕੀ ਦਾ ਦੂਸਰਾ ਪਤੀ ਜੋ ਕਿ ਬਿਲਕੁਲ ਜੀ ਨਕਾਰਾ ਹੈ, ਜੋ ਅਮਲ ਦੇ ਨਸ਼ੇ ਵਿਚ ਚੂਰ ਰਹਿੰਦਾ ਹੈ ਅਤੇ ਪਿੰਕੀ ਦੀ ਕਮਾਈ ਤੋਂ ਹੀ ਆਪਣਾ ਅਮਲ ਪੂਰਾ ਕਰਦਾ ਹੈ।ਪਿੰਕੀ ਉਸ ਦੀ ਹਰ ਹਰਕਤ ਦਾ ਮੂੰਹ-ਤੋੜ ਜਵਾਬ ਦਿੰਦੀ ਹੈ:

*ਅਮਰੀ: ਰੋਟੀ ਲਿਆ।*

*ਪਿੰਕੀ: ਚੁੱਕ ਕੇ ਚੁਲਸ਼ ਲੈ।*

*ਅਮਰੀ: ਕੀ ਖੇਖਣ ਕਰਦੀ ਏ ਹਰਾਮੜ ਤੀਵੀਂ।*

*ਪਿੰਕੀ: ਜ਼ੁਬਾਨ ਸੰਭਾਲ।ਹਰਾਮੀ ਦੀ ਔਲਾਦ*

*ਅਮਰੀ: ਮੇਰੇ ਸਾਰੇ ਬੇਲੀ ਗੱਲਾਂ ਕਰਦੇ ਨੇ।ਮੈਨੂੰ ਪਤੈ*

*ਪਿੰਕੀ: ਕੱਪੜੇ ਸੀਨੀ ਆ ਓਥੇ।ਤੇਰਾ ਅਮਲ ਪੂਰਾ*

*ਅਮਰੀ : ਮੇਰਾ ਅਮਲ ਤੂੰ ਹੀ ਪੂਰਾ ਕਰੇਗੀ ਕਮਜਾਤੇ।[4]*

ਨਾਟਕ ਵਿਚਲਾ ਇਹ ਵਾਰਤਾਲਾਪ ਔਰਤ ਦੀ ਆਰਥਿਕ ਤੇ ਮਾਨਸਿਕ ਸਥਿਤੀ ਨੂੰ ਬਿਆਨ ਕਰਦਾ ਹੈ। ਨਾਟਕਕਾਰ ਨੇ ਨਾਟਕ ਵਿਚ ਪਿੰਕੀ ਨੂੰ ਅਜਿਹੀ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜੋ ਸਮਾਜ ਦੀਆਂ ਕੁਰੀਤੀਆਂ ਨਾਲ ਲੜਦੀ ਹੈ ਪਰ ਕਿਤੇ ਨਾ ਕਿਤੇ ਅਜਿਹੀਆਂ ਪ੍ਰਸਥਿਤੀਆਂ ਅੱਗੇ ਝੁਕਣਾ ਵੀ ਪੈਂਦਾ ਹੈ ਜੋ ਉਸ ਦੀ ਮਾਨਸਿਕਤਾ ਨੂੰ ਪ੍ਰਵਾਨ ਨਹੀਂ ਹੁੰਦੀਆਂ। ਅਸਲ ਵਿਚ ਪਿੰਕੀ ਅਤੇ ਉਸਦੀ ਸੱਸ ਦੇ ਮਾਨਸਿਕ ਸੰਕਟ ਦੇ ਪਿੱਛੇ ਜ਼ਿੰਮੇਵਾਰ ਉਸ ਦੇ ਨਹੁੰ-ਮਾਸ ਵਾਲੇ ਰਿਸ਼ਤੇ ਹਨ। ਸੀਤਾ ਆਪਣੇ ਇੱਕ-ਇੱਕ ਕਰਕੇ ਪੁੱਤਰਾਂ ਦੇ ਵਿਯੋਗ ਵਿਚ ਦੁਖੀ ਹੈ ਅਤੇ ਪਿੰਕੀ ਮਰ ਰਹੇ ਪਤੀਆਂ ਦਾ ਹੌਲੀ-ਹੌਲੀ ਖ਼ਤਮ ਹੋਣ ਕਾਰਨ ਉਥਲ-ਪੁਥਲ ਵਿਚੋਂ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੈ। ਪਿੰਕੀ ਦੇ ਪਤੀ ਮਰ ਜਾਣ ਤੋਂ ਬਾਅਦ ਉਸਦਾ ਦੂਸਰਾ ਵਿਆਹ ਦੋਲੂ ਨਾਲ ਹੋ ਜਾਂਦਾ ਹੈ।ਦੋਲੂ ਨਾਲ ਪਿੰਕੀ ਦਾ ਰਿਸ਼ਤਾ ਇੱਕ ਮਜਬੂਰੀ ਵੱਸ ਪੈ ਕੇ ਕੀਤਾ ਗਿਆ ਹੁੰਦਾ ਹੈ। ਪਰ ਕਿਸੇ ਤੋ ਵੀ ਪਿੰਕੀ ਨੂੰ ਸੁੱਖ ਪ੍ਰਾਪਤ ਨਹੀਂ ਹੁੰਦਾ। ਨਾਟਕ ਵਿਚ ਸਮਾਜ ਦਾ ਇੱਕ ਹੋਰ ਰੂਪ ਨਿਕਲ ਕੇ ਆਉਂਦਾ ਹੈ ਜਿੱਥੇ ਨਾਟਕ ਦਾ ਪਾਤਰ ਅਮੀਰ ਰੂੜੀਵਾਦੀ ਸੋਚ ਵਾਲਾ ਹੈ ਪਿੰਕੀ ਦੀ ਸਹਿਮਤੀ ਤੋਂ ਬਿਨ੍ਹਾਂ ਆਪਣੇ ਮੁੰਡੇ ਨਾਲ ਵਿਆਹ ਕਰਨ ਦੀ ਸਲਾਹ ਦਿੰਦਾ ਹੈ।

*ਅਮੀਰ : ਭਾਈ ਹੁਣ ਛੀਅਰ ਦੀ ਵੀ ਸੋਚੋ।ਵਿਚਾਰੀ ਸਾਰੀ ਉਮਰ ਕੱਲੀ ਕਿਵੇਂ ਵਿਤਾਏਗੀ? ਸੌ ਵਲਾਵਾਂ ਸਿਰੇ ਤੇ ਗੰਡ, ਘਰ ਦੀ ਇੱਜ਼ਤ*

ਇਸ ਤੋਂ ਸਪੱਸਟ ਹੁੰਦਾ ਹੈ ਕਿ ਮਦਰ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਕੀ ਹੈ। ਜਿਸ ਤਰਾਂ ਪਸ਼ੂ ਦੀ ਆਪਣੀ ਸੋਚ ਨਹੀਂ ਹੁੰਦੀ, ਆਜ਼ਾਦੀ ਨਹੀਂ ਹੁੰਦੀ ਸਿਰਫ਼ ਉਸ ਨੂੰ ਸੰਗਲ਼ ਪਾ ਕੇ ਰੱਖਿਆ ਜਾਂਦਾ ਹੈ।ਪਿੰਕੀ ਦੀ ਸਥਿਤੀ ਵੀ ਨਾਟਕ ਵਿਚ ਪਸ਼ੂ ਵਾਂਗ ਹੀ ਪ੍ਰਗਟ ਹੁੰਦੀ ਹੈ।ਕਿਉਂਕਿ ਉਸ ਦਾ ਵਿਆਹ ਵੀ ਹਰ ਵਾਰ ਮਰਦ ਦੀ ਸੋਚ ਅਨੁਸਾਰ ਹੀ ਹੁੰਦਾ ਹੈ। ਪਿੰਕੀ ਬੱਚਿਆਂ ਦੇ ਮੋਹ ਕਾਰਨ ਜੀਵਨ ਵਿਚ ਫ਼ੈਸਲੇ ਲੈਣ ਸਮੇਂ ਦੁਚਿੱਤੀ ਵਿਚ ਫਸ ਜਾਂਦੀ ਹੈ ਅਤੇ ਹਰ ਵਾਰ ਅਨਜੋੜ ਵਿਆਹ ਨੂੰ ਕਬੂਲ ਕਰਦੀ ਹੈ। ਪਰ ਦੋਲੂ ਨਾਲ ਹੋਇਆ ਵਿਆਹ ਸਮਾਜ ਵਿਚ ਔਰਤ ਅਤੇ ਮਰਦ ਦੋਵਾਂ ਨੂੰ ਚੌਰਾਹੇ ਵਿਚ ਲਿਆ ਖੜ੍ਹਾ ਕਰਦੇ ਹਨ। ਇੱਥੇ ਦੋਲੂ ਦੇ ਪਾਤਰ ਰਾਹੀਂ ਨਾਟਕਕਾਰ ਇੱਕ ਪਾਸੇ ਮਰਦ ਦੇ ਦੁੱਖ ਨੂੰ ਵੀ ਅਨਜੋੜ ਵਿਆਹ ਰਾਹੀਂ ਪੇਸ਼ ਕਰਦਾ ਹੈ। ਦੋਲੂ ਜੋ

ਭਿੰਦਰ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਪਿੰਕੀ ਨਾਲ ਵਿਆਹ ਹੋਣ ਕਾਰਨ ਉਸ ਦੇ ਸੁਪਨੇ ਵੀ ਧਰੇ-ਧਰਾਏ ਰਹਿ ਜਾਂਦੇ ਹਨ:

*ਦੋਲੂ : ਮੇਰਿਆ ਰੱਬਾ ਕੀ ਜ਼ੁਲਮ ਏ? ਮੇਰੇ ਸੁਪਨੇ ਵਿਚ ਰਹਿ ਗਏ।*

*ਪਿੰਕੀ: ਜ਼ਬਾਨ ਸੰਭਾਲ ਕੇ ਬੋਲ। ਮੈਂ ਤੈਨੂੰ ਕਦੇ ਇਸ ਨਜ਼ਰ ਨਾਲ*

*ਦੋਲੂ: ਮੈਂ ਵੀ ਤੈਨੂੰ ਕਦੇ ਨਹੀਂ ਚਾਹਿਆ। ਤੂੰ ਕਲਮੂਹੀ ਏ। ਤੂੰ ਡੈਣ ਏ।*

ਦੋਲੂ ਤੇ ਪਿੰਕੀ ਦੇ ਇਨ੍ਹਾਂ ਬੋਲਾਂ ਤੋਂ ਪਤਾ ਲੱਗਦਾ ਹੈ ਕਿ ਸਿਰਫ਼ ਔਰਤ ਹੀ ਨਹੀਂ ਸਗੋਂ ਮਰਦ ਵੀ ਅਨਜੋੜ ਵਿਆਹ ਦੇ ਦੁਖਾਂਤ ਨੂੰ ਭੋਗਦੇ ਹਨ। ਪਿੰਕੀ ਨਾਲ ਵਿਆਹ ਹੋਣ ਕਾਰਨ ਦੋਲੂ ਦੀਆਂ ਸਾਰੀਆਂ ਰੀਝਾਂ ਉੱਪਰ ਪਾਣੀ ਫਿਰ ਜਾਂਦਾ ਹੈ।ਨਾਟਕ ਵਿਚ ਇਸ ਗੱਲ ਦੀ ਪੇਸ਼ਕਾਰੀ ਕੀਤੀ ਗਈ ਹੈ ਕਿ ਇੱਕ ਔਰਤ ਨੂੰ ਸਿਰਫ਼ ਪਤੀ ਨਹੀਂ ਸਗੋਂ ਅਜਿਹੇ ਮਰਦ ਦੀ ਲੋੜ ਹੁੰਦੀ ਹੈ ਜੋ ਕਿ ਜੀਵਨ ਦੇ ਹਰੇਕ ਦੁੱਖ-ਸੁੱਖ ਵਿਚ ਉਸ ਦਾ ਸਾਥ ਦੇਵੇ। ਨਾਟਕ ਵਿਚ ਅਨਜੋੜ ਵਿਆਹ ਦੀ ਇਹ ਸਮੱਸਿਆ ਵੀ ਕਈ ਵਾਰ ਪਤੀ ਪਤਨੀ ਦੇ ਸੰਬੰਧਾਂ ਵਿਚ ਵੀ ਤਣਾਓ ਪੈਦਾ ਕਰਦੀ ਹੈ ਅਤੇ ਦੋਵਾਂ ਵਿਚ ਇਹ ਉਮਰਾਂ ਦਾ ਫ਼ਾਸਲਾ ਵੀ ਕੁੜੱਤਣ ਪੈਦਾ ਕਰਦਾ ਹੈ।ਜੋ ਬਾਅਦ ਵਿਚ ਅਪ੍ਰਵਾਨਿਤ ਰਿਸ਼ਤਿਆਂ ਨੂੰ ਵੀ ਜਨਮ ਦਿੰਦਾ ਹੈ।ਇਸੇ ਤਰਾਂ ਉਸ ਦੇ ਤਿੰਨੇ ਪਤੀ ਹੀ ਨਸ਼ੇ ਦੀ ਦਲਦਲ ਵਿਚ ਫਸੇ ਹੋਣ ਕਾਰਨ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰਥ ਹਨ।ਸਮਾਜ ਵੱਲੋਂ ਅਪ੍ਰਮਾਣਿਤ ਰਿਸ਼ਤੇ ਜਿਹੜੇ ਮੋਹ ਤੋਂ ਸੱਖਣੇ ਹੋ ਜਾਂਦੇ ਹਨ ਦੋਲੂ ਵਿਆਹ ਤੋਂ ਬਾਅਦ ਪਿੰਕੀ ਨਾਲ ਕੋਈ ਸਰੀਰਕ ਸਬੰਧ ਨਹੀਂ ਬਣਾਉਂਦਾ ਕਿਉਂਕਿ ਦੋਲੂ ਇਸ ਰਿਸ਼ਤੇ ਨੂੰ ਪ੍ਰਵਾਨ ਨੀ ਕਰਦਾ। ਜਦੋਂ ਉਸ ਦੀ ਸੱਸ ਦੋਲੂ ਅਤੇ ਪਿੰਕੀ ਦੇ ਸੰਬੰਧਾਂ ਬਾਰੇ ਪੱਛਦੀ ਹੈ।

*ਸੀਤਾ: ਕੀ ਖ਼ਬਰ ਏ ਛੋਹਰ ਦੀ?*

*ਪਿੰਕੀ: ਸੁਆਹ ਤੇ ਖੇਹ। ਦੂਜੇ ਪਾਸੇ ਮੂੰਹ ਕਰਕੇ ਸੌਂ ਜਾਂਦਾ।*

*ਪ੍ਰੀਤੋ: ਛੋਹਰ ਨੂੰ ਪੁਚਕਾਰ ਕੇ ਰੱਖਿਆ ਕਰ। ਆਖ਼ਰ ਨੂੰ ਵੱਡੀ ਏ*

*ਪਿੰਕੀ: ਜਦੋਂ ਰਾਤੀ ਪੁਚਕਾਰਦੀ ਆ, ਮੇਰੇ ਹੱਡ ਗਰਮ ਹੁੰਦੇ*

*ਪ੍ਰੀਤੋ: ਕੀ ਗੱਲ ਕਰਨੀ ਏ। ਜ਼ਬਾਨ ਛੋਹਰ ਏ।*

*ਪਿੰਕੀ: ਵੇਖਣ ਨੂੰ ਲੱਗਦਾ ਏ। ਪਰ ਫੱਸੜ ਏ।ਸਾਰੀ ਰਾਤ ਮੈ*

ਅਨਜੋੜ ਵਿਆਹ ਕਾਰਨ ਪ੍ਰਵਾਨਿਤ ਰਿਸ਼ਤੇ ਮੋਹ ਤੋਂ ਸੱਖਣੇ ਹੋ ਜਾਂਦੇ ਹਨ ਅਤੇ ਉਸ ਸਮੇਂ ਹੀ ਅਪ੍ਰਵਾਨਿਤ ਰਿਸ਼ਤਿਆਂ ਨਾਲ ਮੋਹ ਪੈ ਜਾਂਦਾ ਹੈ ਪਰ ਇਹ ਸਮਾਜਕ ਬੰਧਨ ਔਰਤ ਮਰਦ ਦੇ ਰੂਹ ਦਾ ਹਾਣੀ ਹੋਣ ਵਿਚ ਸਹਾਈ ਨਹੀਂ ਹੁੰਦੇ। ਸਗੋਂ ਜਿਸਮ ਦੇ ਪੱਧਰ ਤੱਕ ਹੀ ਰਹਿ ਜਾਂਦੇ ਹਨ। ਵਰਿਆਮ ਮਸਤ ਨਾਟਕ ਵਿਚ ਔਰਤ ਦੀ ਆਰਥਿਕ ਤੇ ਮਾਨਸਿਕ ਹਾਲਤ ਨੂੰ ਬਿਆਨ ਕਰਦਾ ਹੈ, ਕਿ ਕਿਸ ਤਰਾਂ ਔਰਤ ਘਰ ਤੋਂ ਬਾਹਰ ਜਾ ਕੇ ਆਪਣਾ ਘਰ ਚਲਾਉਂਦੀ ਹੈ ਪਰ ਸਮਾਜ ਵੱਲੋਂ ਉਸ ਨੂੰ ਬਦਚਲਨ ਕਿਹਾ ਜਾਂਦਾ ਹੈ। ਉਸ ਦਾ ਪੁੱਤਰ ਵੀ ਉਸ ਨੂੰ ਬੇਇੱਜ਼ਤ ਕਰਦਾ ਹੈ , ਜਿਸ ਲਈ ਉਹ ਇਹ ਸਾਰੇ ਦੁੱਖ ਭੋਗ ਰਹੇ ਹਨ।ਪਿੰਕੀ ਦੀ ਸੱਸ ਸੀਤਾ ਤੇ ਪਤੀ ਅਮਰੀ ਵੀ ਉਸ 'ਤੇ ਚਰਿੱਤਰਹੀਣ ਹੋਣ ਦਾ ਦੋਸ਼ ਲਾਉਂਦੇ ਹਨ। ਪਿੰਕੀ ਜਿਨ੍ਹਾਂ ਬੱਚਿਆਂ ਲਈ ਆਪਣੀ ਜ਼ਿੰਦਗੀ ਦਾਅ 'ਤੇ *ਬੁੱਢੀ* ਲਗਾ ਦਿੰਦੀ ਹੈ ਕਿ ਉਹ ਵੱਡੇ ਹੋ ਕੇ ਉਸ ਦਾ ਸਹਾਰਾ ਬਣਨਗੇ, ਉਹੀ ਬੱਚੇ ਉਸ ਦੇ ਦੁੱਖਾਂ ਨੂੰ ਹੋਰ ਵੀ ਵਧਾ ਦਿੰਦੇ ਹਨ। ਪਿੰਕੀ ਜਾਗਰ ਜਿਸ ਦੁਆਰਾ ਦਿੱਤੇ ਜਾਂਦੇ ਕੰਮ ਨੂੰ ਕਰਕੇ ਪਰਿਵਾਰ ਦਾ ਪੇਟ ਪਾਲਦੀ ਹੈ ਪਰ ਉਸ ਦਾ ਪਤੀ ਤੇ ਪੁੱਤਰ ਉਸ ਦੀ ਕਮਾਈ ਖਾਂਦੇ ਹਨ। ਇੱਕ ਪਾਸੇ ਤਾਂ ਉਸ ਦਾ ਪੁੱਤਰ ਉਸ ਦੀ ਇਸ ਗੱਲ ਤੋਂ ਨਾਖ਼ੁਸ਼ ਹੈ ਕਿ ਉਹ ਸਿਲਾਈ ਸੈਂਟਰ ਕੰਮ ਕਰਨ ਜਾਂਦੀ ਹੈ ਪਰ ਦੂਜੇ ਪਾਸੇ ਉਹ ਆਪਣੇ ਖ਼ਰਚੇ ਲਈ ਪੈਸੇ ਲੈਣ ਲਈ ਉਸ ਨੂੰ ਜਾਗਰ ਤੋਂ ਪੈਸੇ ਫੜ ਕੇ ਲੈਣ ਦੀ ਗੱਲ ਵੀ ਕਰਦਾ ਹੈ ਤੇ ਬੜੀ ਬੇਸ਼ਰਮੀ ਨਾਲ ਆਪਣੀ ਮਾਂ ਨੂੰ ਅਫ਼ਸਰਾਂ ਦੀ ਖ਼ੁਸ਼ਾਮਦੀ ਕਰਕੇ ਕੰਮ ਲੈਣ ਦੀ ਗੱਲ ਕਰਦਾ ਹੈ। ਆਪਣੇ ਨਸ਼ੇ ਦੀ ਪੂਰਤੀ ਲਈ ਪੈਸੇ ਲੈਣ ਲਈ ਉਹ ਆਪਣੀ ਮਾਂ ਦੀ ਇੱਜ਼ਤ ਦੀ ਪ੍ਰਵਾਹ ਨਹੀਂ ਕਰਦਾ, ਜਿਸ ਦਾ ਪਤਾ ਸਾਨੂੰ ਮੁੰਡੇ ਦੇ ਵਾਰਤਾਲਾਪ ਤੋਂ ਲੱਗਦਾ ਹੈ :

*ਮੁੰਡਾ : ਲੈ ਪੈਸੇ ਦੇਹ ?*

*ਪਿੰਕੀ: ਕਿੱਥੋਂ ਦੇਵਾਂ?*

*ਮੁੰਡਾ : ਕੱਪੜਿਆਂ ਦੇ ਨਹੀਂ ਮਿਲੇ ?*

*ਪਿੰਕੀ: ਸੈਂਟਰ ਦੇ ਕੱਪੜੇ ਹੁਣ ਮੈਨੂੰ ਨਹੀਂ ਮਿਲਦੇ। ਅਫ਼ਸਰ ਨਿੰਮੋਂ ਨੂੰ ਦਿੰਦਾ ਹੈ।*

*ਮੁੰਡਾ: ਅਫ਼ਸਰ ਦੀ ਜ਼ਰਾ ਖ਼ੁਸ਼ਾਮਦ ਕਰ ਲੈਂਦੀ, ਤੇਰਾ ਕੁੱਝ ਘਸ*

ਮੁੰਡੇ ਤੇ ਪਿੰਕੀ ਦੇ ਇਸ ਵਾਰਤਾਲਾਪ ਵਿਚ ਮਾਂ-ਪੁੱਤਰ ਦਾ ਪਵਿੱਤਰ ਰਿਸ਼ਤਾ ਤਾਰ-ਤਾਰ ਹੁੰਦਾ ਦਿਖਾਈ ਦਿੰਦਾ ਹੈ। ਅੱਜ ਪੁੱਤਰਾਂ ਲਈ ਮਾਂ ਦੀ ਇੱਜ਼ਤ ਕੋਈ ਮਾਇਨੇ ਨਹੀਂ ਰੱਖਦੀ। ਉਹ ਪੈਸਿਆਂ ਲਈ ਮਾਂ ਨੂੰ ਦਾਅ ਉੱਤੇ ਲਾਉਣ ਲਈ ਵੀ ਤਿਆਰ ਹੈ। ਪਿੰਕੀ ਦੀ ਸੱਸ ਤੇ ਉਸ ਦੀ ਸੱਸ ਦੀ ਭੈਣ ਪ੍ਰੀਤੋ ਜਿੱਥੇ ਇੱਕ ਪਾਸੇ ਤਾਂ ਜਾਗਰ ਤੇ ਪਿੰਕੀ ਦੇ ਸੰਬੰਧਾਂ ਦੀ ਚਰਚਾ ਕਰਦੀਆਂ ਹਨ ਤੇ ਉਸ ਨੂੰ ਕੋਸਦੀਆਂ ਹਨ ਪਰ ਪੈਸੇ ਦੀ ਲੋੜ ਪੈਣ 'ਤੇ ਜਾਗਰ ਤੋਂ ਸਹਾਇਤਾ ਲੈਣੋਂ ਨਹੀਂ ਝਿਜਕਦੀਆਂ। ਇਸ ਤੋਂ ਪਤਾ ਲੱਗਦਾ ਹੈ ਕਿ ਅੱਜ ਦੇ ਯੁੱਗ ਵਿਚ ਪੈਸੇ ਹੀ ਮਨੁੱਖ ਲਈ ਸਭ ਕੁੱਝ ਹੈ।

ਨਾਟਕ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਯੁੱਗਾਂ ਤੋਂ ਚੱਲਦੀ ਆ ਰਹੀ ਮਰਦ ਪ੍ਰਧਾਨ ਸਮਾਜ ਦੀ ਪਰੰਪਰਾ ਅੱਜ ਵੀ ਓਵੇਂ-ਜਿਵੇਂ ਕਾਇਮ ਹੈ। ਔਰਤ ਨੂੰ ਅੱਜ ਵੀ ਜਾਨਵਰਾਂ ਸਮਾਨ ਸਮਝਿਆ ਜਾਂਦਾ ਹੈ ਤੇ ਉਸ ਦੀ ਕੁੱਟਮਾਰ ਵੀ ਕੀਤੀ ਜਾਂਦੀ ਹੈ। ਉਸ ਦਾ ਇੱਕ ਹੀ ਘਰ ਵਿਚ ਵੱਖ-ਵੱਖ ਮਰਦਾਂ ਨਾਲ ਵਿਆਹ ਇਹ ਸੋਚ ਕੇ ਕੀਤਾ ਜਾਂਦਾ ਹੈ ਕਿ ਆਪਣਾ ਡੰਗਰ ਆਪਣੀ ਖੁਰਲੀ।ਭਾਵੇਂ ਅੱਜ ਦੀ ਔਰਤ ਇਸ ਬਾਰੇ ਚੇਤੰਨ ਹੋ

ਗਈ ਹੈ ਪਰ ਫਿਰ ਵੀ ਉਹ ਸਥਿਤੀਆਂ ਤੋਂ ਇੰਨੀ ਮਜਬੂਰ ਹੈ ਕਿ ਕੁੱਝ ਵੀ ਕਰਨ ਤੋਂ ਅਸਮਰਥ ਹੈ। ਸੋਚਦੀ ਹੈ ਕਿ ਕੁੰਡਲੀ ਤੋੜ ਕੇ ਬਾਹਰ ਆ ਜਾਵੇਗੀ। ਪਰ ਇਸ ਦਾ ਪਤਾ ਪਿੰਕੀ ਦੇ ਦੋਲੂ ਨਾਲ ਵਾਰਤਾਲਾਪ ਤੋਂ ਚੱਲਦਾ ਹੈ ?

*ਪਿੰਕੀ: ''ਮੇਰੀ ਕਿਸ ਸੁਣੀ? ਹਰ ਵਾਰ ਗਲ ਘੁੱਟ ਦਿੱਤਾ। ਤੀਜੀ ਵਾਰ ਫਿਰ ਜ਼ਬਾਨ ਖਿੱਚ ਲਈ। ਚੌਥੀ ਵਾਰ ਹਰ ਵਾਰ ਮੈਂ ਇੱਕ ਚੱਕਰਵਿਊ ਵਿਚੋਂ ਨਿਕਲਣਾ ਚਾਹਿਆ ਪਰ ਜਿੰਨਾ ਸੋਚਿਆ ਓਨ੍ਹਾਂ ਹੀ ਇਸ ਵਿਚ ਫਸਦੀ ਗਈ। ਹਰ ਵਾਰ ਲਛਮਣ ਰੇਖਾ ਲੰਘਾਉਣੀ ਚਾਹੀ। ਸੋਚਦੀ ਕਿ ਕੁੰਡਲੀ ਤੋੜ ਕੇ ਬਾਹਰ ਆ ਜਾਵਾਂਗੀ। ਖੁੱਲ੍ਹੇ ਆਸਮਾਨ ਸਾਹ ਲਵਾਂਗੀ। ਪਰ ਜਿੰਨ੍ਹਾਂ ਇਸ ਨੂੰ ਤੋੜਨਾ ਚਾਹਿਆ ਓਨ੍ਹਾਂ ਹੀ ਉਸ ਵਿਚ ਫਸਦੀ ਗਈ।*

ਪੁਰਾਤਨ ਦੇ ਸਮੇਂ ਤੋਂ ਹੀ ਔਰਤ ਵਾਰ-ਵਾਰ ਦਾਅ 'ਤੇ ਲੱਗਦੀ ਰਹੀ ਹੈ। ਉਸੇ ਤਰਾਂ ਹੀ ਅੱਜ ਦੀ ਔਰਤ ਵੀ ਇਸੇ ਸਥਿਤੀ ਦਾ ਸ਼ਿਕਾਰ ਹੈ। ਕੋਈ ਵੀ ਮਨੁੱਖ ਕਿਸੇ ਵੀ ਰਿਸ਼ਤੇ ਤੇ ਸਮਾਜਿਕ ਪ੍ਰਸਥਿਤੀਆਂ ਤੋਂ ਸੰਤੁਸ਼ਟ ਨਹੀਂ ਉਹ ਇਹਨਾਂ ਨੂੰ ਬਦਲਣਾ ਚਾਹੁੰਦਾ ਹੈ ਪਰ ਆਪਣੀਆਂ ਮਜਬੂਰੀਆਂ ਕਾਰਨ ਉਨ੍ਹਾਂ ਵਿਚ ਹੀ ਉਲਝ ਕੇ ਰਹਿ ਜਾਂਦਾ ਹੈ। ਮਨੁੱਖ ਸਮਾਜਿਕ ਪਰੰਪਰਾਵਾਂ ਤੋਂ ਦੁਖੀ ਹੋ ਕੇ ਅੱਕ ਚੁੱਕੇ ਹਨ ਤੇ ਸਮਾਜ ਦੁਆਰਾ ਵਰਜਿਤ ਤੇ ਨਾ-ਮਨਜ਼ੂਰ ਰਿਸ਼ਤੇ ਸਿਰਜਣਾ ਚਾਹੁੰਦੇ ਹਨ, ਜਿਸ ਤਰ੍ਹਾਂ ਪਿੰਕੀ ਦਾ ਜਾਗਰ ਨਾਲ ਰਿਸ਼ਤਾ, ਦੋਲੂ ਦੀ ਮਾਂ ਨਾਲ ਰਿਸ਼ਤਾ, ਦਰੋਪਦੀ ਦੀ ਨੂੰਹ ਦਾ ਘਰੋਂ ਦੌੜ ਜਾਣਾ, ਪ੍ਰੀਤੋ ਦੀਆਂ ਨੂੰਹਾਂ ਦੀ ਆਪਣੇ ਪਤੀਆਂ ਤੋਂ ਅਸੰਤੁਸ਼ਟਤਾ, ਇਸ ਸਭ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਭ ਮਨੁੱਖ ਆਪਣੇ ਜੀਵਨ ਤੋਂ ਦੁਖੀ ਹਨ, ਪਰ ਉਹ ਇਨ੍ਹਾਂ ਨੂੰ ਬਦਲਣ ਤੋਂ ਅਸਮਰਥ ਹਨ ਤੇ ਥੋਪੇ ਗਏ ਰਿਸ਼ਤਿਆਂ ਨੂੰ ਨਿਭਾਅ ਨਹੀਂ ਸਗੋਂ ਇੱਕ ਤਰ੍ਹਾਂ ਨਾਲ ਢੋਅ ਰਹੇ ਹਨ ਜੋ ਕਿ ਮਨੁੱਖ ਦੀ ਬਹੁਤ ਵੱਡੀ ਤ੍ਰਾਸਦੀ ਹੈ। ਨਾਟਕਕਾਰ ਨੇ ਇਸ ਨਾਟਕ ਵਿਚ ਸਾਡੇ ਸਮਾਜ ਦੀ ਸਭ ਤੋਂ ਘਿਣਾਉਣੀ ਤੇ ਕੋਝੀ ਨਸ਼ਿਆਂ ਦੀ ਬੁਰਾਈ ਨੂੰ ਪੇਸ਼ ਕੀਤਾ ਹੈ ਜਿਸ ਨੇ ਸਾਡੇ ਸਮਾਜ ਨੂੰ ਪੂਰੀ ਤਰ੍ਹਾਂ ਖੋਖਲਾ ਕਰ ਦਿੱਤਾ ਹੈ। ਗ਼ਰੀਬੀ ਕਾਰਨ ਨਾਟਕ ਦੇ ਪਾਤਰ ਨਸ਼ਿਆਂ ਦਾ ਵਪਾਰ ਕਰਦੇ ਹਨ ਪਰ ਉਨ੍ਹਾਂ ਦੀ ਆਦਤ ਪੈ ਜਾਣ ਕਾਰਨ ਉਹ ਇਸ ਦੇ ਬੁਰੇ ਪ੍ਰਭਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਪਿੰਕੀ ਦਾ ਪੂਰਾ ਪਰਿਵਾਰ ਵੀ ਨਸ਼ਿਆਂ ਦੀ ਜਕੜ ਵਿਚ ਫਸਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਦਾ ਜੀਵਨ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਿਆ ਹੈ।

ਨਾਟਕਕਾਰ ਨੇ ਨਾਟਕ ਦੇ ਅਖੀਰ ਵਿਚ ਜੀਵਨ ਦੀ ਇਸ ਕੁੰਡਲੀ ਵਿਚੋਂ ਬਾਹਰ ਨਿਕਲਣ ਦੇ ਰਸਤੇ ਵੱਲ ਇਸ਼ਾਰਾ ਕੀਤਾ ਹੈ। ਸਮਾਜ ਦੀ ਇਸ ਉਲਝੀ ਸਥਿਤੀ ਦਾ ਕਾਰਨ ਉਸ ਨੇ ਸਾਡੇ ਸਮਾਜ ਦੀਆਂ ਵਿਆਹ ਚੁੱਕੀਆਂ ਪਰੰਪਰਾਵਾਂ ਦਾ ਓਵੇਂ-ਜਿਵੇਂ ਬਦਲਦੇ ਸਮਾਜ ਵਿਚ ਸਥਾਪਿਤ ਰਹਿਣਾ ਮੰਨਿਆ ਹੈ। ਉਸ ਅਨੁਸਾਰ ਇਹ ਪਰੰਪਰਾਵਾਂ ਜੋ ਅੱਜ ਦੇ ਸਮੇਂ ਵਿਚ ਸਾਰਥਿਕ ਨਹੀਂ ਹਨ, ਉਨ੍ਹਾਂ ਨੂੰ ਬਦਲਣਾ ਜ਼ਰੂਰੀ ਨਹੀਂ ਤਾਂ ਇਹ ਮਨੁੱਖ ਦੇ ਜੀਵਨ ਨੂੰ ਨਰਕ ਬਣਾ ਕੇ ਰੱਖ ਦੇਣਗੀਆਂ। ਨਾਟਕ ਦੇ ਅੰਤ ਵਿਚ ਪਿੰਕੀ ਮਹਾਂਭਾਰਤ ਵਿਚਲੇ ਦਰੋਪਦੀ ਦੇ ਪ੍ਰਸੰਗ ਤੋਂ ਸੇਧ ਪ੍ਰਾਪਤ ਕਰਦੀ ਹੈ ਤੇ ਆਪਣੇ ਅਸਲ ਰੂਪ ਨੂੰ ਪਛਾਣਨ ਦਾ ਸਾਹਸ ਕਰਦੀ ਹੋਈ ਔਰਤ ਦੇ ਉਸ ਸਰੂਪ ਨੂੰ ਲੱਭਣ ਦੀ ਤਲਾਸ਼ ਜਾਰੀ ਕਰਦੀ ਹੈ। ਉਸ ਦੀ ਤਾਕਤ ਆਪਣੇ ਜੀਵਨ ਦੀ ਇਸ ਕੁੰਡਲੀ ਨੂੰ ਭਾਗਾਂ ਦਾ ਲਿਖਿਆ ਨਹੀਂ ਸਗੋਂ ਇੱਕ ਚੁਨੌਤੀ ਵਜੋਂ ਆਪਣੇ ਸਵੀਕਾਰ ਕਰਦੀ ਹੈ ਤੇ ਇਸ ਨੂੰ ਤੋੜਨ ਦਾ ਐਲਾਨ ਕਰਦੀ ਹੈ। ਉਹ ਕਹਿੰਦੀ ਹੈ :

*ਮੇਰਾ ਘਰ ਸਬੰਧਾਂ ਦਾ ਜਾਲ ਰਿਹਾ।*

*ਪਿੰਕੀ: 'ਮੈਂ ਲਛਮਣ ਰੇਖਾ ਪਾਰ ਕਰਨੀ ਏ। ਮੈਂ ਕੁੰਡਲੀ ਤੋੜ ਦੇਵਾਂਗੀ। ਦੂਰ ਰੌਸ਼ਨੀ ਨਜ਼ਰ ਲੰਮੇ ਸਫ਼ਰ ਦੀ, ਲੰਮੇ ਰਾਹ ਦੀ।'*[10]

ਨਾਟਕਕਾਰ ਰਿਸ਼ਤਿਆਂ ਤੇ ਪ੍ਰਸਥਿਤੀਆਂ ਦੀ ਕੁੰਡਲੀ ਵਿਚ ਉਲਝੀ ਔਰਤ ਦੀ ਦੁਰਦਸ਼ਾ ਦਾ ਚਿਤਰਨ ਕਰਦਾ ਹੋਇਆ, ਇਸ ਕੁੰਡਲੀ ਤੋਂ ਛੁਟਕਾਰਾ ਸਵੈ-ਪਹਿਚਾਣ ਵਿਚ ਦੱਸਦਾ ਹੈ। ਉਹ ਚਾਹੁੰਦਾ ਹੈ ਕਿ ਔਰਤ ਆਪਣੇ ਲਈ ਇੱਕ ਮਰਦ ਦਾ ਸਹਾਰਾ ਲੱਭਣ ਦੀ ਥਾਂ ਖ਼ੁਦ ਹੀ ਆਪਣਾ ਸਹਾਰਾ ਆਪ ਬਣੇ ਤਾਂ ਹੀ ਉਹ ਇਸ ਕੁੰਡਲੀ ਤੋਂ ਛੁਟਕਾਰਾ ਪਾ ਸਕੇਗੀ ਨਹੀਂ ਤਾਂ ਉਸ ਦਾ ਜੀਵਨ ਇਸ ਕੁੰਡਲੀ ਵਿਚ ਉਲਝ ਕੇ ਹੀ ਦਮ ਤੋੜ ਦੇਵੇਗਾ। ਵਰਿਆਮ ਮਸਤ ਦੇ ਨਾਟਕਾਂ ਵਿਚਲੀ ਇਹ ਵਿਸੇਸ਼ਤਤਾ ਹੇ ਕਿ ਸਾਰੇ ਹੀ ਨਾਟਕਾਂ ਵਿਚ ਔਰਤ ਦੇ ਹੱਕ ਲਈ ਨਾਹਰਾ ਲਾਉਂਦਾ ਹੈ

## ਹਵਾਲੇ/ਟਿੱਪਣੀਆਂ


1 ipRQvI rfj Qfpr, virafm msq df nft-sfsLqr, isLIflyK, idwlI, 2013, pMnf-54

2 virafm msq, kuMzlI, sqvMq ਬੁੱਕ eyjMsI, nvIN idwlI, 2001, pMnf-29

3 ਉਹੀ, ਪੰਨਾ-32

4 ਉਹੀ, ਪੰਨਾ-31

5 ਉਹੀ, ਪੰਨਾ-58

6 ਉਹੀ, ਪੰਨਾ-42-43

7 ਉਹੀ, ਪੰਨਾ-60

8 ਉਹੀ, ਪੰਨਾ-34

9 ਉਹੀ, ਪੰਨਾ-47

10 ਉਹੀ, ਪੰਨਾ-70-71